**ਪੰਜਾਬ ਸਰਕਾਰ**

**ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਵਿਭਾਗ**

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ
ਲਾਇਬ੍ਰੇਰੀਅਨ ਅਤੇ ਲਾਇਬ੍ਰੇਰੀ ਇੰਚਾਰਜ।

ਪੱਤਰ ਨੰ. 12/57/2021 - 4 ਸਿੱ. ਸੈਲ/424

ਮਿਤੀ: 10.02.2022

**ਵਿਸ਼ਾ:-** **ਪਬਲਿਕ ਲਾਇਬ੍ਰੇਰੀਆਂ ਦੇ ਸਮਾਂ-ਸਾਰਨੀ ਬਾਰੇ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਜਿਵੇਂ ਕਿ ਆਪ ਨੂੰ ਪਤਾ ਹੀ ਹੈ ਕਿ ਪੰਜਾਬ ਰਾਜ ਦੇ ਸਮੂਹ ਜ਼ਿਲ੍ਹਿਆਂ ਅੰਦਰ ਜ਼ਿਲ੍ਹਾ ਪੱਧਰ 'ਤੇ ਪਬਲਿਕ ਲਾਇਬ੍ਰੇਰੀਆਂ ਖੋਲ੍ਹੀਆਂ ਗਈਆਂ ਹਨ। ਇਨ੍ਹਾਂ ਲਾਇਬ੍ਰੇਰੀਆਂ ਅੰਦਰ ਵਿਦਿਆਰਥੀ, ਸਾਹਿਤਕਾਰ ਅਤੇ ਹੋਰ ਪਤਵੰਤੇ ਸੱਜਣ ਰੋਜ਼ਾਨਾ ਪੜ੍ਹਨ ਲਈ ਆਉਂਦੇ ਹਨ। ਫੀਲਡ ਵਿੱਚੋਂ ਦਫ਼ਤਰ ਨੂੰ ਇਹ ਸੁਝਾਅ ਪ੍ਰਾਪਤ ਹੋਏ ਹਨ ਕਿ ਲਾਇਬ੍ਰੇਰੀਆਂ ਦੇ ਵਰਤਮਾਨ ਸਮੇਂ ਵਿੱਚ ਵਿਜ਼ਟਿਰਜ਼ ਨੂੰ ਕਾਫ਼ੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਚੰਗਾ ਹੋਵੇ ਜੇਕਰ ਪਾਠਕਾਂ ਦੇ ਪੜ੍ਹਨ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਦੇ ਸਰਦੀ/ਗਰਮੀ ਦੇ ਸਮੇਂ ਵਿੱਚ ਤਬਦੀਲੀ ਕਰ ਦਿੱਤੀ ਜਾਵੇ। ਇਸ ਨਾਲ ਪਾਠਕਾਂ ਦੁਆਰਾ ਲਾਇਬ੍ਰੇਰੀਆਂ ਅੰਦਰ ਬੈਠ ਕੇ ਪੜ੍ਹਨ ਦਾ ਵੱਧ ਤੋਂ ਵੱਧ ਲਾਹਾ ਲਿਆ ਜਾ ਸਕਦਾ ਹੈ। ਇਨ੍ਹਾਂ ਸੁਝਾਵਾਂ ਨੂੰ ਮੱਦੇਨਜ਼ਰ ਰੱਖਦਿਆਂ ਲਾਇਬ੍ਰੇਰੀਆਂ ਦੇ ਸਰਦੀ/ਗਰਮੀ ਦੇ ਸਮੇਂ ਵਿੱਚ ਹੇਠ ਲਿਖੇ ਅਨੁਸਾਰ ਅੱਜ ਤੋਂ ਤਬਦੀਲੀ ਕੀਤੀ ਜਾਂਦੀ ਹੈ:-

ੳ) ਗਰਮੀਆਂ ਵਿੱਚ ਲਾਇਬ੍ਰੇਰੀਆਂ ਦੇ ਖੁੱਲ੍ਹਣ ਦਾ ਸਮਾਂ ਸਵੇਰੇ 8.00 ਵਜੇ ਅਤੇ ਬੰਦ ਹੋਣ ਦਾ ਸਮਾਂ ਰਾਤ 8.00 ਵਜੇ ਹੋਵੇਗਾ।

ਅ) ਸਰਦੀਆਂ ਵਿੱਚ ਲਾਇਬ੍ਰੇਰੀਆਂ ਦੇ ਖੁੱਲ੍ਹਣ ਦਾ ਸਮਾਂ ਸਵੇਰੇ 9.00 ਵਜੇ ਅਤੇ ਬੰਦ ਹੋਣ ਦਾ ਸਮਾਂ ਰਾਤ 8.00 ਵਜੇ ਹੋਵੇਗਾ।

ੲ) ਐਤਵਾਰ ਨੂੰ ਲਾਇਬ੍ਰੇਰੀਆਂ 2 ਘੰਟੇ ਲਈ ਸਵੇਰੇ 10.00 ਵਜੇ ਤੋਂ 12.00 ਵਜੇਂ ਤੱਕ ਖੁੱਲ੍ਹੀਆਂ ਰਹਿਣਗੀਆਂ।

ਸ) ਗਜ਼ਟਿਡ/ਜਨਤਕ ਛੁੱਟੀਆਂ ਦੌਰਾਨ ਲਾਇਬ੍ਰੇਰੀਆਂ ਬੰਦ ਰਹਿਣਗੀਆਂ।

ਹ) ਲਾਇਬ੍ਰੇਰੀਅਨ/ਲਾਇਬ੍ਰੇਰੀ ਇੰਚਾਰਜ, ਆਪਣੇ ਲਾਇਬ੍ਰੇਰੀ ਰੀਸਟੋਰਰ ਅਤੇ ਬਾਕੀ ਕਰਮਚਾਰੀਆਂ ਨੂੰ ਇਸ ਸਮਾਂ-ਸਾਰਨੀ ਅਨੁਸਾਰ ਸਮੇਂ/ਕੰਮ ਦੀ ਵੰਡ ਕਰ ਦੇਣਗੇ।

ਕ) ਲਾਇਬ੍ਰੇਰੀਅਨ/ਲਾਇਬ੍ਰੇਰੀ ਇੰਚਾਰਜ ਇਹ ਯਕੀਨੀ ਬਣਾਉਣਗੇ ਕਿ ਉਨ੍ਹਾਂ ਦੀ ਲਾਇਬ੍ਰੇਰੀ ਵਿੱਚ ਹਾਜ਼ਰੀ ਰੋਜ਼ਾਨਾ ਅੱਠ ਘੰਟੇ ਜ਼ਰੂਰ ਹੋਵੇ।

3.0 ਸਮੂਹ ਲਾਇਬ੍ਰੇਰੀਅਨ/ਲਾਇਬ੍ਰੇਰੀ ਇੰਚਾਰਜ ਇਹ ਯਕੀਨੀ ਬਣਾਉਣਗੇ ਕਿ ਉਕਤ ਸਮਾਂ-ਸਾਰਨੀ ਬਾਰੇ ਨੋਟਿਸ ਬੋਰਡ 'ਤੇ ਲਾਇਬ੍ਰੇਰੀ ਦੇ ਬਾਹਰ ਵੀ ਲਗਾਇਆ ਜਾਵੇ ਅਤੇ ਇਸ ਦਾ ਸੋਸ਼ਲ ਮੀਡੀਆ ਰਾਹੀਂ ਪ੍ਰਚਾਰ-ਪ੍ਰਸਾਰ ਵੀ ਕੀਤਾ ਜਾਵੇ, ਤਾਂ ਜੋ ਲਾਇਬ੍ਰੇਰੀ ਦੇ ਪਾਠਕਾਂ ਅਤੇ ਵਿਜ਼ਟਿਰਜ਼ ਨੂੰ ਸਰਦੀ/ਗਰਮੀ ਵਿੱਚ ਲਾਇਬ੍ਰੇਰੀ ਦੇ ਖੁੱਲ੍ਹਣ ਅਤੇ ਬੰਦ ਹੋਣ ਦੇ ਸਮੇਂ ਬਾਰੇ ਪਤਾ ਚੱਲ ਸਕੇ।

**ਸਕੱਤਰ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ**

ਪਿੱਠ ਅੰਕਣ ਨੰ: 12/57/2021 - 4 ਸਿੱ ਸੈਲ/425

ਮਿਤੀ: 10.02.2022

ਉਪਰੋਕਤ ਦਾ ਉਤਾਰਾ ਡਾਇਰੈਕਟਰ ਸਿੱਖਿਆ ਵਿਭਾਗ (ਕਾਲਜਾਂ) ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜ ਦਿੱਤਾ ਜਾਂਦਾ ਹੈ।

**ਸਕੱਤਰ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ**